ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਐਸਿ) ਪੰਜਾਬ ਕੰਪਲੈਕਸ
ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ-8, ਸਅਸ ਨਗਰ
(ਸਪੋਰਟਸ ਸਾਖਾ)

ਵੱਲ:

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ)
ਪੰਜਾਬ।
ਸਮੂਹ ਸਕੂਲ ਮੁੱਖੀ,
ਸਰਕਾਰੀ ਪ੍ਰਾਇਮਰੀ ਅਤੇ ਮਿਡਲ ਸਕੂਲ ਪੰਜਾਬ।

ਈ ਫਾਈਲ ਨੰ: 204784
ਮਿਤੀ 10-08-2021

ਵਿਸ਼ਾ:- ਸਮੱਗਰਾ ਸਿੱਖਿਆ ਅਭਿਆਨ ਤੋਂ ਸਪੋਰਟਸ ਅਤੇ ਫਿਜੀਕਲ ਐਜੂਕੇਸਨ ਸਾਲ 2021-22 ਅਧੀਨ ਪ੍ਰਾਪਤ ਗ੍ਰਾਂਟ ਵਰਤੋਂ ਕਰਨ ਸਬੰਧੀ ਦਿਸ਼ਾ ਨਿਰਦੇਸ਼।

ਉਪਰੋਕਤ ਵਿਸੇ ਦੇ ਸਬੰਧ ਵਿੱਚ ਸਮੱਗਰਾ ਸਿੱਖਿਆ ਸਾਲ 2021-22 ਤਹਿਤ ਭਾਰਤ ਸਰਕਾਰ ਵਲੋਂ ਸਪੋਰਟਸ ਅਤੇ ਫਿਜੀਕਲ ਐਜੂਕੇਸ਼ਨ ਲਈ ਸਮੂਹ ਸਰਕਾਰੀ ਪ੍ਰਾਇਮਰੀ ਸਕੂਲਾਂ ਨੂੰ 5000/- ਰੁਪਏ ਅਤੇ ਸਰਕਾਰੀ ਮਿਡਲ ਸਕੂਲਾਂ ਨੂੰ 10,000/- ਰੁਪਏ ਪ੍ਰਤੀ ਸਕੂਲ ਦੀ ਦਰ ਨਾਲ ਰਾਸ਼ੀ ਮੰਨਜੂਰ ਕੀਤੀ ਗਈ ਹੈ ਜੋਕਿ ਆਪ ਨੂੰ ਦਫਤਰ ਸਰਵ ਸਿੱਖਿਆ ਅਭਿਆਨ ਦੇ ਮੀਮੋ ਨੰ: ਸਸਅ/ਵਿੱਤ/2021-22/2021258961 ਮਿਤੀ 30-07-2021 ਅਧੀਨ ਜਾਰੀ ਕਰ ਦਿੱਤੀ ਗਈ ਹੈ।

ਉਕਤ ਰਾਸ਼ੀ ਨੂੰ ਖਰਚ ਕਰਨ ਲਈ ਇਨ੍ਹਾਂ ਫੰਡਜ ਨਾਲ ਹਰੇਕ ਸਕੂਲ ਵੱਲੋਂ ਖੇਡ ਮੈਦਾਨ ਤਿਆਰ ਕਰਨ ਨਾਲ ਸਬੰਧਤ ਸਮਾਨ ਖਰੀਦ ਕਰਨ ਸਮੇਂ ਹੇਠ ਲਿਖੇ ਨਿਯਮਾਂ ਦਾ ਪਾਲਣ ਕਰਨਾ ਲਾਜਮੀ ਹੋਵੇਗਾ:-

(ੳ) ਸਕੂਲ ਵੱਲੋਂ ਤਿੰਨ ਮੈਂਬਰੀ ਖਰੀਦ ਕਮੇਟੀ ਦਾ ਗਠਨ ਕੀਤਾ ਜਾਵੇਗਾ। ਜਿਸ ਸਕੂਲ ਵਿੱਚ ਸਪੋਰਟਸ ਦਾ ਸਬੰਧਤ ਕਰਮਚਾਰੀ ਕੰਮ ਕਰ ਰਿਹਾ ਹੈ, ਉਸ ਨੂੰ ਕਮੇਟੀ ਵਿੱਚ ਮੈਂਬਰ ਸ਼ਾਮਿਲ ਕਰਨਾ ਯਕੀਨੀ ਬਣਾਇਆ ਜਾਵੇ।

(ਅ) ਸਾਰਾ ਖਰਚਾ ਸਕੂਲ ਮੈਨੇਜਮੈਂਟ ਕਮੇਟੀ ਵੱਲੋਂ ਸਮੱਗਰਾ ਸਿੱਖਿਆ ਦੇ ਵਿੱਤੀ ਨਿਯਮਾਂ ਅਨੁਸਾਰ ਕੀਤਾ ਜਾਵੇ।

(ੲ) ਖੇਡ ਮੈਦਾਨ ਵਿਕਸਿਤ ਕਰਨ ਲਈ ਲੋੜੀਂਦਾ ਸਮਾਨ ਖਰੀਦਣ ਲਈ ਸਬੰਧਤ ਸਕੂਲ ਮੁੱਖੀ ਦਫਤਰੀ ਰਿਕਾਰਡ ਵਿੱਚ ਇਸ ਸਬੰਧੀ ਮਤਾ ਪਾ ਕੇ ਸ੍ਕੂਲ ਲਈ ਖੇਡਾਂ ਸਬੰਧੀ ਲੋੜੀਂਦਾ ਸਮਾਨ ਖਰੀਦ ਸਕਦਾ ਹੈ।

(ਸ) ਸਮਾਨ ਖਰੀਦ ਕਰਨ ਉਪਰੰਤ ਖਰੀਦ ਕੀਤੇ ਗਏ ਸਮਾਨ ਦਾ ਇੰਦਰਾਜ ਸਕੂਲ ਦੇ ਸਟਾਕ ਰਜਿਸਟਰ ਵਿੱਚ ਕੀਤਾ ਜਾਵੇ, ਉਸ ਉਪਰੰਤ ਕ੍ਰਮਵਾਰ ਵਰਤੋਂ ਵੀ ਦਰਸਾਈ ਜਾਵੇ। ਖਰੀਦ ਕਰਨ ਉਪਰੰਤ ਖਰੀਦੇ ਗਏ ਸਮਾਨ ਦਾ ਵਰਤੋਂ ਸਰਟੀਫਿਕੇਟ ਸਕੂਲ ਮੁੱਖੀ ਵੱਲੋਂ ਇੱਕ ਮਹੀਨੇ ਦੇ ਅੰਦਰ-ਅੰਦਰ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ) ਨੂੰ ਪੁੱਜਦੇ ਕਰਨੇ ਯਕੀਨੀ ਬਣਾਏ ਜਾਣ।

Scanned with CamScanner

(ਹ) ਖੇਡ ਮੈਦਾਨ ਵਿਕਸਿਤ ਕਰਨ ਵੇਲੇ ਬੱਚਿਆਂ ਦੀ ਉਮਰ, ਲਿੰਗ (ਲੜਕੇ/ਲੜਕੀਆਂ ਦੀ ਵਰਤੋਂ ਵਿੱਚ ਆਉਣ ਵਾਲੇ) ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ।

(ਕ) ਖੇਡ ਮੈਦਾਨ ਵਿਕਸਿਤ ਕਰਨ ਲੋੜੀਂਦੀ ਖਰੀਦ ਬੱਚਿਆਂ ਦੀ ਗਿਣਤੀ ਅਨੁਸਾਰ ਹੀ ਕੀਤੀ ਜਾਵੇ।

(ਖ) ਪਿਛਲੇ ਸਾਲਾਂ ਦੌਰਾਨ ਵਿਭਾਗ ਦੇ ਧਿਆਨ ਵਿੱਚ ਆਇਆ ਹੈ ਕਿ ਬਹੁਤ ਸਾਰੇ ਸਕੂਲ ਮੁੱਖੀਆਂ ਵੱਲੋਂ ਇੱਕੋ ਦੁਕਾਨ ਤੋਂ ਹੀ ਬਿਨਾਂ ਕੁਟੇਸ਼ਨਾਂ ਲਏ ਅਤੇ ਬਿਨਾਂ ਵਿੱਤੀ ਨਿਯਮਾਂ ਦਾ ਪਾਲਣ ਕੀਤੇ ਖੇਡ ਸਮਾਨ ਦੀ ਖਰੀਦ ਕੀਤੀ ਗਈ ਹੈ। ਜੇਕਰ ਕੋਈ ਸਕੂਲ ਮੁੱਖੀ ਨਿਯਮਾਂ ਅਨੁਸਾਰ ਸਮਾਨ ਦੀ ਖਰੀਦ ਨਹੀ ਕਰੇਗਾ ਤਾਂ ਉਸ ਤੇ ਵਿਭਾਗੀ ਕਾਰਵਾਈ ਕੀਤੀ ਜਾਵੇਗੀ। ਵਿਭਾਗ ਵੱਲੋਂ ਸਪੋਰਟਸ ਕਮੇਟੀ ਮੈਂਬਰਾਂ ਦੀਆਂ ਟੀਮਾਂ ਉਕਤ ਖਰੀਦ ਦੀ ਮਾਨੀਟਰਿੰਗ ਕਰਨਗੀਆਂ।

ਉਪਰੋਕਤ ਅਨੁਸਾਰ ਸਮੱਗਰਾ ਸਿੱਖਿਆ ਅਭਿਆਨ ਵੱਲੋਂ ਸਪੋਰਟਸ ਅਤੇ ਫਿਜੀਕਲ ਐਜੂਕੇਸ਼ਨ ਅਧੀਨ ਜਾਰੀ ਗ੍ਰਾਂਟ ਨੂੰ ਉਕਤ ਦਿਸ਼ਾ ਨਿਰਦੇਸ਼ਾਂ ਅਨੁਸਾਰ ਖਰਚ ਕਰਨਾ ਯਕੀਨੀ ਬਣਾਇਆ ਜਾਵੇ।

ਡਿਪਟੀ ਡਾਇਰੈਕਟਰ (ਫਿਜੀਕਲ ਐਜੂਕੇਸ਼ਨ)

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਮਾਨਸਾ

ਪਿੱਠ ਅੰਕਣ ਨੰ. ਡੀ.ਐਸ.ਸਪੋਰਟਸ 2021 271518

ਮਿਤੀ -

ਉਪਰੋਕਤ ਪੱਤਰ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਸ ਪੱਤਰ ਵਿਚ ਦਰਜ ਸਪੋਰਟਸ ਗਰਾਂਟ ਦੀ ਵਰਤੋਂ ਸੰਬੰਧੀ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ। ਅਣਗਹਿਲੀ ਲਈ ਸੰਬੰਧਿਤ ਸਕੂਲ ਮੁਖੀ ਜਿੰਮੇਵਾਰ ਹੋਵੇਗਾ।

10/08/2021

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ)
ਮਾਨਸਾ।
[illegible]

Scanned with CamScanner